Australian Red Cross

Punjabi

# ਰੈੱਡ ਕਰਾਸ ਦਾ ਪਰਿਵਾਰਕ ਅਤੇ ਘਰੇਲੂ ਹਿੰਸਾ ਵਿੱਤੀ ਸਹਾਇਤਾ ਪ੍ਰੋਗਰਾਮ

ਆਸਟ੍ਰੇਲੀਅਨ ਰੈੱਡ ਕਰਾਸ ਦਾ ਪਰਿਵਾਰਕ ਅਤੇ ਘਰੇਲੂ ਹਿੰਸਾ (FDV) ਵਿੱਤੀ ਸਹਾਇਤਾ ਪ੍ਰੋਗਰਾਮ, ਅਸਥਾਈ ਵੀਜ਼ੇ ਵਾਲੇ ਯੋਗ ਲੋਕਾਂ ਨੂੰ ਜਾਂ ਅਨਿਸ਼ਚਿਤ ਵੀਜ਼ੇ ਵਾਲੇ, ਪਰਿਵਾਰਕ ਅਤੇ ਘਰੇਲੂ ਹਿੰਸਾ ਦਾ ਅਨੁਭਵ ਕਰ ਰਹੇ, ਅਤੇ ਵਿੱਤੀ ਮਦਦ ਦੀ ਲੋੜ ਵਾਲੇ ਲੋਕਾਂ ਨੂੰ ਵਿੱਤੀ ਸਹਾਇਤਾ ਅਤੇ ਮਾਮਲਿਆਂ ਵਿੱਚ ਸਹਾਇਤਾ ਪ੍ਰਦਾਨ ਕਰੇਗਾ।

**ਜੇ ਤੁਸੀਂ ਹੇਠ ਲਿਖੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਤਾਂ ਤੁਸੀਂ ਯੋਗ ਹੋ ਸਕਦੇ ਹੋ:**

- ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਵਸਨੀਕ ਨਹੀਂ ਹੋ, *ਅਤੇ*
- ਤੁਸੀਂ ਪਰਿਵਾਰਕ ਅਤੇ ਘਰੇਲੂ ਹਿੰਸਾ ਦਾ ਅਨੁਭਵ ਕਰ ਰਹੇ ਹੋ ਜਾਂ ਖਤਰੇ ਵਿੱਚ ਹੋ, ਅਤੇ
- ਤੁਸੀਂ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਹੋ

## ਮੈਨੂੰ ਸਹਾਇਤਾ ਕਿਵੇਂ ਮਿਲੇਗੀ?

ਤੁਸੀਂ ਸਹਾਇਤਾ ਵਾਸਤੇ www.redcross.org.au/familyviolencerelief ਵਿਖੇ ਔਨਲਾਈਨ ਅਰਜ਼ੀ ਦੇ ਸਕਦੇ ਹੋ।
ਜੇ ਤੁਹਾਨੂੰ ਅਰਜ਼ੀ ਦੇਣ ਲਈ ਮਦਦ ਦੀ ਲੋੜ ਹੈ, ਤਾਂ ਕਾਰੋਬਾਰੀ ਘੰਟਿਆਂ ਦੌਰਾਨ, ਸੋਮਵਾਰ ਤੋਂ ਸ਼ੁੱਕਰਵਾਰ 1800 RED CROSS (1800 733 276) ਉੱਤੇ ਜਾਂ ਈਮੇਲ NAT_FDV_PILOT@redcross.org.au ਰਾਹੀਂ ਰੈੱਡ ਕਰਾਸ ਨਾਲ ਸੰਪਰਕ ਕਰੋ।
ਰੈੱਡ ਕਰਾਸ ਨਾਲ ਤੁਸੀਂ ਜੋ ਸੰਪਰਕ ਕਰਦੇ ਹੋ ਉਹ ਗੁਪਤ ਹੈ। ਜੋ ਜਾਣਕਾਰੀ ਤੁਸੀਂ ਆਪਣੀ ਅਰਜ਼ੀ ਦੇ ਨਾਲ ਦਿੰਦੇ ਹੋ, ਅਸੀਂ ਉਸ ਨੂੰ ਹਰ ਸਮੇਂ ਸੁਰੱਖਿਅਤ ਰੱਖਦੇ ਹਾਂ।
ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਤੁਸੀਂ ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ ਨਾਲ 131 450 ਉੱਤੇ ਸੰਪਰਕ ਕਰ ਸਕਦੇ ਹੋ, ਆਪਣੀ ਤਰਜੀਹੀ ਭਾਸ਼ਾ ਦੱਸ ਸਕਦੇ ਹੋ ਅਤੇ 1800 733 276 ਨਾਲ ਜੁੜਣ ਲਈ ਕਹਿ ਸਕਦੇ ਹੋ।

## ਗਾਹਕ ਨੂੰ ਅਗਲੀ ਸੇਵਾ ਲਈ ਸਿਫਾਰਸ਼ ਕਿਵੇਂ ਦੇਣੀ ਹੈ

ਜੇ ਕਿਸੇ ਵਿਅਕਤੀ ਨੂੰ ਵਰਤਮਾਨ ਸਮੇਂ ਕਿਸੇ ਮਾਹਰ FDV ਏਜੰਸੀ ਜਾਂ ਹੋਰ ਸੇਵਾ ਦੁਆਰਾ ਸਹਾਇਤਾ ਦਿੱਤੀ ਜਾ ਰਹੀ ਹੈ, ਤਾਂ ਏਜੰਸੀ ਲਈ ਸਿਫਾਰਸ਼ ਕਰਨ ਦਾ ਸਭ ਤੋਂ ਤੇਜ਼ ਅਤੇ ਸੁਰੱਖਿਅਤ ਤਰੀਕਾ ਵੈੱਬਸਾਈਟ ਉੱਤੇ ਜਾਣਾ, ਸਿਫਾਰਸ਼ ਫਾਰਮ ਨੂੰ ਪੂਰਾ ਕਰਨਾ, ਅਤੇ ਗਾਹਕ ਨੂੰ ਆਪਣੇ ਆਪ ਰਜਿਸਟਰ ਕਰਨ ਵਿੱਚ ਸਹਾਇਤਾ ਕਰਨਾ ਹੈ।

## ਵਾਧੂ ਸਹਾਇਤਾ ਉਪਲਬਧ ਹੈ

ਹੇਠ ਲਿਖੀਆਂ ਮੁਫ਼ਤ ਸੇਵਾਵਾਂ ਰਾਹੀਂ ਵਾਧੂ ਸਹਾਇਤਾ ਉਪਲਬਧ ਹੈ

| | |
|---|---|
| **1800 737 732** | 1800 RESPECT - ਰਾਸ਼ਟਰੀ ਜਿਨਸੀ ਹਮਲਾ ਅਤੇ ਘਰੇਲੂ ਹਿੰਸਾ ਸਹਾਇਤਾ ਲਾਈਨ |
| **13 11 14** | ਲਾਈਫਲਾਈਨ ਸੰਕਟ ਸਹਾਇਤਾ ਅਤੇ ਆਤਮਹੱਤਿਆ ਦੀ ਰੋਕਥਾਮ |
| **1800 55 1800** | ਕਿਡਜ਼ ਹੈਲਪਲਾਈਨ |

**ਵਧੇਰੇ ਜਾਣਕਾਰੀ ਲਈ www.redcross.org.au/familyviolencerelief**